
# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 10

# ਉਨ੍ਹਾਂ ਲਈ ਵਾਧੂ ਮੈਡੀਕਲ ਦੇਖਭਾਲ, ਜੋ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਦਾ ਇਸਤੇਮਾਲ ਕਰਦੇ ਹਨ



**ਜੇ ਤੁਸੀਂ ਜੈਵਿਕ ਫ਼ਾਸਫ਼ੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ, ਤਾਂ ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਲੋੜ ਪੈ ਸਕਦੀ ਹੈ।** ਤੁਹਾਡੇ ਮਾਲਕ ਲਈ ਜ਼ਰੂਰੀ ਹੈ ਕਿ ਉਹ ਪਤਾ ਲਗਾਏ ਕਿ ਤੁਸੀਂ ਕਿੰਨੀ ਵਾਰ ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ। ਤੁਹਾਡੇ ਮਾਲਕ ਲਈ ਤੁਹਾਡੇ ਲਈ ਵਿਸ਼ੇਸ਼ ਮੈਡੀਕਲ ਦੇਖਭਾਲ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ, ਜੇ:

1. ਤੁਸੀਂ 30-ਦਿਨਾਂ ਦੇ ਮਿਆਦ ਦੇ ਦੌਰਾਨ 6 ਦਿਨਾਂ ਤੋਂ ਵੱਧ ਇਨ੍ਹਾਂ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹੋ, ਅਤੇ
2. ਜਿਸ ਕੀਟਨਾਸ਼ਕ(ਕਾਂ) ਦਾ ਤੁਸੀਂ ਇਸਤੇਮਾਲ ਕਰਦੇ ਹੋ, ਉਸਦੇ ਲੇਬਲ ਤੇ "ਖਤਰਾ" ਜਾਂ "ਚੇਤਾਵਨੀ" ਲਿਖਿਆ ਹੋਇਆ ਹੈ।

## ਵਾਧੂ ਮੈਡੀਕਲ ਦੇਖਭਾਲ ਕੀ ਹੈ?

ਜੇ ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੈ, ਤਾਂ ਤੁਹਾਡੇ ਲਈ ਵਿਸ਼ੇਸ਼ ਬਲੱਡ ਟੈਸਟ ਕਰਵਾਉਣੇ ਜ਼ਰੂਰੀ ਹਨ, ਜਿਨ੍ਹਾਂ ਤੋਂ ਡਾਕਟਰ ਦੱਸ ਸਕੇਗਾ ਕਿ ਕੀਟਨਾਸ਼ਕ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾ ਰਹੇ ਹਨ ਜਾਂ ਨਹੀਂ। ਅਜਿਹਾ ਤਦ ਵੀ ਹੋ ਰਿਹਾ ਹੋ ਸਕਦਾ ਹੈ, ਜਦੋਂ ਕਿ ਤੁਸੀਂ ਬੀਮਾਰ ਮਹਿਸੂਸ ਨਾ ਕਰਦੇ ਹੋਵੋ। ਬਲੱਡ ਟੈਸਟਾਂ ਨਾਲ ਤੁਹਾਡੇ ਸਰੀਰ ਵਿਚਲੇ ਇੱਕ ਰਸਾਇਣ ਕੋਲਿਨਸਟ੍ਰੇਜ਼ (cholinesterase) ਨੂੰ ਮਾਪਿਆ ਜਾਂਦਾ ਹੈ, ਜਿਸ ਨਾਲ ਤੁਹਾਡੀਆਂ ਨਸਾਂ ਨੂੰ ਠੀਕ ਤਰ੍ਹਾਂ ਨਾਲ ਕੰਮ ਕਰਨ ਵਿੱਚ ਮਦਦ ਮਿਲਦੀ ਹੈ।

ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ, ਕੋਲਿਨਸਟ੍ਰੇਜ਼ ਦੇ ਕੰਮ ਕਰਨ ਵਿੱਚ ਰੁਕਾਵਟ ਪਾ ਕੇ ਤੁਹਾਡੀਆਂ ਨਸਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋਏ ਬਿਮਾਰ ਨਹੀਂ ਹੋ ਰਹੇ ਹੋ, ਤੁਹਾਡਾ ਖ਼ੂਨ ਦੇ ਟੈਸਟ ਕਰਵਾਉਣਾ ਜ਼ਰੂਰੀ ਹੈ

ਆਪਣੀ ਕੋਲਿਨਸਟ੍ਰੇਜ਼ ਦੀ ਜਾਂਚ ਕਰਨ ਲਈ ਬਲੱਡ ਟੈਸਟ ਕਰਵਾਉਣਾ, ਤੁਹਾਡੀ ਵਾਧੂ ਮੈਡੀਕਲ ਦੇਖਭਾਲ ਦਾ ਹਿੱਸਾ ਹੋਣਾ **ਜ਼ਰੂਰੀ** ਹੈ।

ਸੁਰੱਖਿਆ ਸਬੰਧੀ ਸੁਝਾਅ

**10.**

**ਤੁਹਾਨੂੰ** ਵਾਧੂ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੈ, ਜੇ ਤੁਸੀਂ ਅਕਸਰ "ਖਤਰਾ" ਜਾਂ "ਚੇਤਾਵਨੀ" ਲਿਖੇ ਹੋਏ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ।

## ਮੈਨੂੰ ਬਲੱਡ ਟੈਸਟ ਕਦੋਂ-ਕਦੋਂ ਕਰਵਾਉਣੇ ਹੁੰਦੇ ਹਨ?

ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਲਈ ਬਲੱਡ ਟੈਸਟ ਕਰਵਾਉਣਾ ਜ਼ਰੂਰੀ ਹੈ। ਇਹ ਬਲੱਡ ਟੈਸਟ ਉਦੋਂ ਕਰਵਾਉਣਾ ਚਾਹੀਦਾ ਹੈ, ਜਦੋਂ ਤੁਸੀਂ ਘੱਟੋ ਘੱਟ 30 ਦਿਨਾਂ ਤੱਕ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਨਾਲ ਕੰਮ ਨਾ ਕੀਤਾ ਹੋਵੇ। ਪਹਿਲੇ ਬਲੱਡ ਟੈਸਟ ਤੋਂ ਪਤਾ ਲਗੇਗਾ ਕਿ ਤੁਹਾਡੇ ਆਮ ਕੋਲਿਨਸਟ੍ਰੇਜ਼ ਦਾ ਪੱਧਰ ਕਿੰਨਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਹੁਣ ਵੀ ਠੀਕ ਹੋ, ਇਸ ਪੱਧਰ ਦੀ ਤੁਲਨਾ ਬਾਅਦ ਦੇ ਟੈਸਟਾਂ ਨਾਲ ਕੀਤੀ ਜਾਂਦੀ ਹੈ। ਤੁਹਾਡੇ ਆਮ ਕੋਲਿਨਸਟ੍ਰੇਜ਼ ਪੱਧਰ ਦੀ ਜਾਂਚ ਹਰ ਦੋ ਸਾਲਾਂ ਵਿੱਚ ਕਰਵਾਉਣੀ ਜ਼ਰੂਰੀ ਹੈ।

## ਬਲੱਡ ਟੈਸਟ ਕਰਵਾਉਣ ਮੈਂ ਕਿੱਥੇ ਜਾਣਾ ਹੈ?

ਤੁਹਾਡੇ ਮਾਲਕ ਨੂੰ ਤੁਹਾਡੇ ਬਲੱਡ ਟੈਸਟ ਕਰਵਾਉਣ ਲਈ ਇੱਕ ਡਾਕਟਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਟੈਸਟਾਂ ਦਾ ਖ਼ਰਚ ਤੁਹਾਡੇ ਮਾਲਕ ਵੱਲੋਂ ਹੀ ਅਦਾ ਕੀਤਾ ਜਾਣਾ ਜ਼ਰੂਰੀ ਹੈ। ਤੁਹਾਡੇ ਮਾਲਕ ਨੂੰ ਡਾਕਟਰ ਦਾ ਨਾਮ, ਪਤਾ, ਅਤੇ ਫ਼ੋਨ ਨੰਬਰ ਅਜਿਹੀ ਥਾਂ ਤੇ ਲਗਾਉਣਾ ਚਾਹੀਦਾ ਹੈ, ਜਿੱਥੇ ਤੁਸੀਂ ਉਸਨੂੰ ਦੇਖ ਸਕੋ, ਜਿਵੇਂ ਕਿ ਤੁਹਾਡੀ ਕੰਮ ਵਾਲੀ ਥਾਂ 'ਤੇ ਲਗਾਏ ਗਏ A-8 ਸੁਰੱਖਿਆ ਲੀਫ਼ਲੈਟ (ਪਰਚੇ) ਉੱਤੇ।

## ਮੈਨੂੰ ਇਹ ਟੈਸਟ ਕਿੰਨੀ ਵਾਰ ਕਰਵਾਉਣ ਦੀ ਲੋੜ ਹੈ?

**ਡਾਕਟਰ ਵੱਲੋਂ ਤੁਹਾਡਾ ਆਮ ਕੋਲਿਨਸਟ੍ਰੇਜ਼ ਪੱਧਰ ਨਿਰਧਾਰਤ ਕਰਨ ਦੇ ਬਾਅਦ, ਤੁਹਾਡੇ ਲਈ ਜ਼ਰੂਰੀ ਹੈ:**

1. ਪਹਿਲੇ 3 ਮਹੀਨਿਆਂ ਲਈ, ਹਰ 30-ਦਿਨ ਦੀ ਮਿਆਦ ਖ਼ਤਮ ਹੋਣ ਤੇ ਟੈਸਟ ਕਰਵਾਓ; ਫਿਰ,
2. ਪਹਿਲੇ ਤਿੰਨ ਮਹੀਨਿਆਂ ਦੇ ਬਾਅਦ ਹਰ 60 ਦਿਨ ਵਿੱਚ ਟੈਸਟ ਕਰਵਾਓ (ਜਾਂ ਜਿਸ ਤਰ੍ਹਾਂ ਡਾਕਟਰ ਸਲਾਹ ਦੇਵੇ)।

ਜੇ ਵਾਧੂ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੈ, ਤਾਂ ਭਾਵੇਂ ਤੁਸੀਂ ਹਰ ਰੋਜ਼ ਕੀਟਨਾਸ਼ਕਾਂ ਦਾ ਇਸਤੇਮਾਲ ਨਾ ਕਰਦੇ ਹੋਵੋ, ਇਹ ਬਲੱਡ ਟੈਸਟ ਕਰਵਾਉਣੇ ਜ਼ਰੂਰੀ ਹਨ। ਕਈ ਵਾਰ ਤੁਹਾਡੇ ਵੱਲੋਂ ਬਲੱਡ ਟੈਸਟ ਕਰਵਾਉਣ ਬਾਅਦ ਡਾਕਟਰ ਇਸ ਵਿੱਚ ਤਬਦੀਲੀ ਕਰ ਸਕਦਾ ਹੈ ਕਿ ਤੁਹਾਨੂੰ ਟੈਸਟ ਕਿੰਨੀ ਵਾਰ ਕਰਵਾਉਣੇ ਚਾਹੀਦੇ ਹਨ।

## ਮੈਨੂੰ ਕਿਸ ਤਰ੍ਹਾਂ ਪਤਾ ਲਗੇਗਾ ਕਿ ਮੇਰੇ ਬਲੱਡ ਟੈਸਟ ਦਾ ਕੀ ਨਤੀਜਾ ਨਿਕਲਿਆ ਹੈ?

ਟੈਸਟ ਨਤੀਜੇ ਪ੍ਰਾਪਤ ਹੋਣ ਦੇ 14 ਦਿਨਾਂ ਦੇ ਅੰਦਰ, ਡਾਕਟਰ ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਨਤੀਜਿਆਂ ਅਤੇ ਕਿਸੇ ਵੀ ਸਲਾਹਾਂ ਬਾਰੇ ਸੂਚਿਤ ਕਰੇਗਾ। ਤੁਹਾਡੇ ਮਾਲਕ ਨੂੰ ਤੁਹਾਡੇ ਬਲੱਡ ਟੈਸਟ ਦੇ ਨਤੀਜਿਆਂ ਅਤੇ ਡਾਕਟਰ ਦੇ ਮਸ਼ਵਰੇ ਦਾ ਤਿੰਨ ਸਾਲਾਂ ਤੱਕ ਰਿਕਾਰਡ ਰੱਖਣਾ ਜ਼ਰੂਰੀ ਹੈ ਅਤੇ ਜਦੋਂ ਵੀ ਤੁਸੀਂ ਇਹ ਰਿਕਾਰਡ ਦੇਖਣਾ ਚਾਹੋ, ਉਸ ਵੱਲੋਂ ਤੁਹਾਨੂੰ ਇਜਾਜ਼ਤ ਦੇਣੀ ਚਾਹੀਦੀ ਹੈ।

## ਜੇ ਮੇਰੇ ਬਲੱਡ ਟੈਸਟ ਦਰਸਾਉਣ ਕਿ ਕੋਲਿਨਸਟ੍ਰੇਜ਼ ਪੱਧਰ ਘੱਟ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਬਲੱਡ ਟੈਸਟ ਦਰਸਾਉਂਦੇ ਹਨ ਕਿ ਤੁਹਾਡਾ ਕੋਲਿਨਸਟ੍ਰੇਜ਼ ਪੱਧਰ ਘੱਟ ਹੈ, ਤਾਂ ਇਸਦਾ ਮਤਲਬ ਹੈ ਕਿ ਜਦੋਂ ਤੁਸੀਂ ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ ਤਾਂ ਸਮੱਸਿਆ ਹੋ ਸਕਦੀ ਹੈ। ਤੁਹਾਡੇ ਮਾਲਕ ਨੂੰ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਤੁਹਾਡੇ 'ਤੇ ਕੀਟਨਾਸ਼ਕਾਂ ਦਾ ਅਸਰ ਹੋ ਰਿਹਾ ਹੈ।

ਜੇ ਕੋਈ ਸਮੱਸਿਆਵਾਂ ਹਨ, ਤਾਂ ਤੁਹਾਡੇ ਮਾਲਕ ਦਾ ਇਹ ਕਰਨਾ ਜ਼ਰੂਰੀ ਹੈ:

- ਜੇ ਕੋਈ ਉਪਕਰਨ ਠੀਕ ਕੰਮ ਨਹੀਂ ਕਰ ਰਿਹਾ ਹੈ ਤਾਂ ਉਸਨੂੰ ਠੀਕ ਕਰਵਾਉਣਾ।
- ਇਹ ਯਕੀਨੀ ਬਣਾਉਣਾ ਕਿ ਤੁਸੀਂ ਇਨ੍ਹਾਂ ਕੀਟਨਾਸ਼ਕਾਂ ਨਾਲ ਸੁਰੱਖਿਅਤ ਰੂਪ ਨਾਲ ਕੰਮ ਕਰ ਰਹੇ ਹੋ ਜਾਂ ਇਨ੍ਹਾਂ ਨਾਲ ਕੰਮ ਕਰਨ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ।

ਜੇ ਤੁਹਾਡਾ ਕੋਲਿਨਸਟ੍ਰੇਜ਼ ਪੱਧਰ ਬਹੁਤ ਘੱਟ ਹੈ, ਤਾਂ ਤੁਹਾਡੇ ਬਹੁਤ ਜ਼ਿਆਦਾ ਬੀਮਾਰ ਹੋਣ ਤੋਂ ਪਹਿਲਾਂ ਤੁਹਾਡੇ ਮਾਲਕ ਨੂੰ ਲਾਜ਼ਮੀ ਤੌਰ ਤੇ ਤੁਹਾਡੇ ਤੋਂ ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰਵਾਉਣਾ ਬੰਦ ਕਰ ਦੇਣਾ ਚਾਹੀਦਾ ਹੈ। ਤੁਸੀਂ ਇਨ੍ਹਾਂ ਕਿਸਮਾਂ ਦੇ ਕੀਟਨਾਸ਼ਕਾਂ ਨਾਲ ਉਦੋਂ ਤੱਕ ਕੰਮ ਨਹੀਂ ਕਰ ਸਕਦੇ, ਜਦ ਤੱਕ ਤੁਹਾਡੇ ਬਲੱਡ ਟੈਸਟਾਂ ਤੋਂ ਇਹ ਪਤਾ ਨਾ ਲਗ ਜਾਏ ਕਿ ਤੁਹਾਡਾ ਸਰੀਰ ਬਿਹਤਰ ਹੋ ਰਿਹਾ ਹੈ। ਇਸ ਸਮੇਂ ਦੌਰਾਨ ਤੁਸੀਂ  ਕੋਈ ਹੋਰ ਕੰਮ ਕਰ ਸਕਦੇ ਹੋ ਜਾਂ ਦੂਜੇ ਕੀਟਨਾਸ਼ਕਾਂ ਦਾ ਇਸਤੇਮਾਲ ਕਰ ਸਕਦੇ ਹੋ।

ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਡਾਕਟਰ ਦੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਸਿਰਫ਼ ਡਾਕਟਰ ਹੀ ਸਪਸ਼ਟ ਕਰ ਸਕਦਾ ਹੈ ਕਿ ਤੁਹਾਡੇ ਬਲੱਡ ਟੈਸਟਾਂ ਦਾ ਕੀ ਮਤਲਬ ਹੈ।



ਜੇ ਤੁਹਾਨੂੰ ਆਪਣੀ ਟ੍ਰੇਨਿੰਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਮਿਲ ਸਕਦਾ ਹੈ, ਜਾਂ *1-87PestLine* 'ਤੇ ਫ਼ੋਨ ਕਰੋ, ਜਾਂ ਇੱਥੇ ਜਾਓ: *http://www.cdfa.ca.gov/exec/county/countymap*

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਕਲੋਇਸ) 559/297-3511**
- **ਦੱਖਣੀ (ਐਨਾਹਾਇਮ) 714/279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?

**1-87PestLine**

ਜਾਣਕਾਰੀ ਲਾਈਨ

1-877-378-5463

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
*https://www.cdpr.ca.gov/docs/whs/psispunjabi.htm*